नामांक Roll No.

Question Booklet No.

No. of Questions – 20

No. of Printed Pages – 7

SS-25-Punjabi Sah.

# उच्च माध्यमिक पूरक परीक्षा, 2026

# SENIOR SECONDARY SUPPLEMENTARY EXAMINATION, 2026

## पंजाबी साहित्य

## PUNJABI SAHITYA

**समय : 3 घण्टे 15 मिनट**

**पूर्णांक : 80**

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :**

1) ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਲਿਖਣ ।

2) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ । ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਤ ਹਨ । ਪ੍ਰਸ਼ਨ ਨੰਬਰ 14 ਤੋਂ 20 ਤਕ ਆਂਤਰਿਕ ਵਿਕਲਪ ਹਨ ।

3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ । ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ , ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

## ਖੰਡ - ੳ

1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ : [18×1=18]

I) 'ਓਏ ! ਮੈਂ ਪੜ੍ਹਨ ਪੜ੍ਹਾਨ ਸਾਰਾ ਛੱਡਿਆ ।' ਇਹ ਸਤਰ ਕਿਸ ਕਵਿਤਾ ਵਿੱਚੋਂ ਹੈ ? [1]

ੳ) ਪੰਜਾਬ ਦੇ ਮਜ਼ੂਰ  ਅ) ਪੰਜਾਬ ਦੇ ਦਰਿਆ
ੲ) ਹਲ ਵਾਹੁਣ ਵਾਲੇ  ਸ) ਗਰੀਬ ਕਿਰਸਾਣ

II) 'ਵਾਰਸ ਸ਼ਾਹ' ਤੇ ਬੁੱਲ੍ਹੇ ਦੇ ਰੰਗ ਅੰਦਰ, [1]
ਡੋਬ-ਡੋਬ ਕੇ ਜ਼ਿੰਦਗੀ ਰੰਗ ਦਾ ਹਾਂ ।
ਇਹ ਸਤਰਾਂ ਕਿਹੜੇ ਕਵੀ ਦੀਆਂ ਹਨ ।

ੳ) ਭਾਈ ਵੀਰ ਸਿੰਘ  ਅ) ਡਾ. ਵਨੀਤਾ
ੲ) ਤ੍ਰੈਲੋਚਨ ਲੋਚੀ  ਸ) ਬਾਬੂ ਫੀਰੋਜ਼ਦੀਨ ਸ਼ਰਫ਼

III) 'ਇਲਮ, ਅਮਲ' ਕਵਿਤਾ ਕਿਸ ਦੀ ਰਚਨਾ ਹੈ ? [1]

ੳ) ਡਾ. ਜਗਤਾਰ  ਅ) ਸੰਤ ਰਾਮ ਉਦਾਸੀ
ੲ) ਭਾਈ ਵੀਰ ਸਿੰਘ  ਸ) ਪਾਸ਼

IV) ਦੂਰ ਦੇਸ-ਪ੍ਰਦੇਸ ਗੁਆਚੇ ਫਿਰਦੇ ਨੂੰ ਕਵੀ ਕਿਹੜੀ ਚੀਜ਼ ਮਿਲੇ ਲਈ ਅਰਦਾਸ ਕਰਨ ਵਾਸਤੇ ਪ੍ਰੇਰਿਤ ਕਰਦਾ ਹੈ ? [1]

ੳ) ਮਾਤ-ਜ਼ੁਬਾਨ ਮਿਲੇ  ਅ) ਗਿਆਨ ਮਿਲੇ
ੲ) ਜਾਨ ਮਿਲੇ  ਸ) ਸਨਮਾਨ ਮਿਲੇ

V) 'ਆਪਣੀ ਜਾਚੇ (ਗ਼ਜ਼ਲ)' ਕਿਸ ਕਵੀ ਦੀ ਰਚਨਾ ਹੈ ? [1]

ੳ) ਗੁਰਤੇਜ ਕੋਹਾਰਵਾਲਾ  ਅ) ਗੁਰਭਜਨ ਗਿੱਲ
ੲ) ਡਾ. ਜਗਤਾਰ  ਸ) ਪ੍ਰੋ ਮੋਹਨ ਸਿੰਘ

VI) ਰਿਜ਼ਕ ਕਮਾਉਣ ਲਈ ਨੰਦ ਕਿਸ਼ੋਰ ਕਿਹੜੀ ਜਗ੍ਹਾ ਤੋਂ ਆਇਆ ਸੀ ? [1]

ੳ) ਕਨੈਡਾ  ਅ) ਗੁਜਰਾਤ  ੲ) ਬਿਹਾਰ  ਸ) ਬੰਗਾਲ

VII) " ਮੈਂ ਨਿਸਚੇ ਬਾਝੋਂ ਭਟਕ ਰਿਹਾ, ਜ਼ੰਨਤ ਦੋਜ਼ਖ ਵਿੱਚ ਲਟਕ ਰਿਹਾ ।" ਇਸ ਸਤਰ ਵਿੱਚ ਆਏ ਸ਼ਬਦ 'ਦੋਜ਼ਖ' ਦਾ ਸਹੀ ਅਰਥ ਹੈ । [1]

ੳ) ਸਵਰਗ  ਅ) ਸਨਸੇ  ੲ) ਜ਼ੰਨਤ  ਸ) ਨਰਕ

VIII) " ਭਲਾ ਹੋਇਆ ਮੇਰਾ ਚਰਖਾ ਟੁੱਟਾ, ਜ਼ਿੰਦ ਅਜ਼ਾਬੋਂ ਛੁੱਟੀ ।" ਇਹ ਸ਼ਬਦ ਕਿਹੜੇ ਪਾਤਰ ਦੇ ਹਨ ? [1]

ੳ) ਭੂਆ ਦੇ  ਅ) ਭਰਜਾਈ ਦੇ  ੲ) ਮਦਨ ਦੇ  ਸ) ਮੈਂ ਪਾਤਰ ਦੇ

IX) 'ਸ਼ਹੀਦ ਦੀ ਮਾਂ' ਕਹਾਣੀ ਦੇ ਕਹਾਣੀਕਾਰ ਹਨ : [1]

ੳ) ਸੰਤ ਸਿੰਘ ਸੇਖੋਂ ਅ) ਨਾਨਕ ਸਿੰਘ ੲ) ਸੰਤੋਖ ਸਿੰਘ ਧੀਰ ਸ) ਗੁਰਦਿਆਲ ਸਿੰਘ

X) 'ਆਪਣਾ ਆਪਣਾ ਹਿੱਸਾ' ਕਹਾਣੀ ਦਾ ਮੁੱਖ-ਪਾਤਰ ਹੈ : [1]

ੳ) ਬੀਰੂ ਅ) ਆਤੂ ੲ) ਕੁੰਢਾ ਸ) ਘੁੱਦੂ

XI) 'ਮੋਹ-ਪਾਸ਼' ਕਹਾਣੀ ਦੇ ਕਿਹੜੇ ਪਾਤਰ ਦੀ ਮੌਤ ਮੇਲੇ ਵਿੱਚ ਹੋ ਜਾਂਦੀ ਹੈ ? [1]

ੳ) ਮਨਜੀਤ ਦੀ ਅ) ਚਰਨੇ ਦੀ ੲ) ਬਿੱਕਰ ਦੀ ਸ) ਦੀਪੇ ਦੀ

XII) 'ਖੁੱਲ੍ਹੇ ਮੈਦਾਨ', 'ਖੁੱਲ੍ਹੇ ਘੁੰਡ', 'ਖੁੱਲ੍ਹੇ ਰੰਗ ਅਸਮਾਨੀ' ਰਚਨਾਵਾਂ ਪੰਜਾਬੀ ਸਾਹਿਤ ਨੂੰ ਦੇਣ ਵਾਲਾ ਕਵੀ ਸੀ । [1]

ੳ) ਪ੍ਰੋ. ਪੂਰਨ ਸਿੰਘ ਅ) ਭਾਈ ਵੀਰ ਸਿੰਘ

ੲ) ਪ੍ਰੀਤਮ ਸਿੰਘ ਸਫ਼ੀਰ ਸ) ਧਨੀ ਰਾਮ ਚਾਤ੍ਰਿਕ

XIII) ਨਾਨਕ ਸਿੰਘ ਦੇ ਪ੍ਰਸਿੱਧ ਨਾਵਲ ਹਨ : [1]

ੳ) ਪੂਰਨਮਾਸ਼ੀ, ਸੱਚ ਨੂੰ ਫਾਂਸੀ। ਅ) ਪਵਿੱਤਰ ਪਾਪੀ, ਚਿੱਟਾ ਲਹੂ।

ੲ) ਸੁੰਦਰੀ, ਸਤਵੰਤ ਕੌਰ। ਸ) ਇੱਕ ਖਾਲੀ ਪਿਆਲਾ, ਕੋਠੇ ਖੜਕ ਸਿੰਘ।

XIV) 'ਕਣਕ ਦੀ ਬੱਲੀ', 'ਬੇਬੇ', 'ਕੁਆਰੀ ਟੀਸੀ', 'ਗਗਨ ਮੈਂ ਥਾਲੁ' ਨਾਟਕ ਕਿਹੜੇ ਨਾਟਕਕਾਰ ਦੀ ਦੇਣ ਹਨ ? [1]

ੳ) ਗੁਰਦਿਆਲ ਸਿੰਘ ਫੁੱਲ ਅ) ਈਸ਼ਵਰ ਚੰਦਰ ਨੰਦਾ

ੲ) ਕਰਤਾਰ ਸਿੰਘ ਦੁੱਗਲ ਸ) ਬਲਵੰਤ ਗਾਰਗੀ

XV) ਹਾਸ ਰਸ ਦਾ ਸਥਾਈ ਭਾਵ ਹੈ : [1]

ੳ) ਸ਼ੋਕ ਅ) ਹਾਸਾ ੲ) ਉਤਸ਼ਾਹ ਸ) ਘ੍ਰਿਣਾ

XVI) ਕੁੜੀ ਕਿਤਾਬ ਪੜ੍ਹ ਰਹੀ ਹੈ। ਵਾਕ ਦਾ ਕਰਮ ਚੁਣੋ : [1]

ੳ) ਕੁੜੀ ਅ) ਪੜ੍ਹ ਰਹੀ ਹੈ ੲ) ਰਹੀ ਹੈ ਸ) ਕਿਤਾਬ

XVII) ਕਿਰਤੀ ਬੰਦੇ ਸਦਾ ਸੁੱਖ ਪਾਉਂਦੇ ਹਨ। ਕਾਰਜ ਦੇ ਆਧਾਰ 'ਤੇ ਵਾਕ ਦਾ ਪ੍ਰਕਾਰ ਦੱਸੋ : [1]

ੳ) ਵਿਸਮੈ-ਵਾਚਕ ਵਾਕ ਅ) ਹਾਂ-ਵਾਚਕ ਵਾਕ

ੲ) ਪ੍ਰਸ਼ਨ-ਵਾਚਕ ਵਾਕ ਸ) ਨਾਂਹ-ਵਾਚਕ ਵਾਕ

XVIII) ਕੁਝ ਖਿਡਾਰੀ ਅਜਿਹੇ ਵੀ ਹੁੰਦੇ ਹਨ ਜਿਹੜੇ ਆਪਣੇ ਕੋਚ ਦਾ ਨਾਂ ਰੁਸ਼ਨਾ ਦਿੰਦੇ ਹਨ। ਬਣਤਰ ਦੇ ਆਧਾਰ 'ਤੇ ਵਾਕ ਦਾ ਪ੍ਰਕਾਰ ਦੱਸੋ : [1]

ੳ) ਮਿਸ਼ਰਿਤ ਵਾਕ ਅ) ਸੰਯੁਕਤ ਵਾਕ

ੲ) ਸਧਾਰਨ ਵਾਕ ਸ) ਆਗਿਆਵਾਚਕ ਵਾਕ

**2. ਹੇਠ ਲਿਖੀਆਂ ਖਾਲੀ ਥਾਵਾਂ ਭਰੋ :** **[6×1=6]**

I) ____________ ਸਿਆਲ ਦੀ, ਵਰਤੀ ਸੁੰਞ ਮਸਾਣ। **[1]**

II) ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ, ਕਿ ਸੱਧਰਾਂ ਨੂੰ ______________ । **[1]**

III) " _____________ ਤਾਂ ਕੰਧਾਂ ਵੀ ਪੈਸੇ ਮੰਗਦੀਆਂ ਹਨ।" **[1]**

IV) " ਬੱਚੇ ਰੱਬ ਦਾ ਰੂਪ ਹੁੰਦੇ ਨੇ – ਬੱਚਿਆਂ ਸਾਹਮਣੇ ਆਦਮੀ ____________ ਤੋਂ ਡਰਦੈ।" **[1]**

V) " ਚਾਚੇ ਦੀ _____________ ਕਿਵੇਂ ਮਿਲ ਜਾਊਗੀ ?" ਗੁਰਨਾਮ ਸਿੰਘ ਸੋਚਣ ਲੱਗਾ। **[1]**

VI) ਬਣਤਰ ਦੇ ਆਧਾਰ ਉੱਤੇ ਉਪਵਾਕ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ, ਸੁਤੰਤਰ ਉਪਵਾਕ , ____________ । **[1]**

**3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[12×1=12]**

I) ਸੌਂ ਜਾ ਮੇਰੇ ਮਾਲਕਾ (ਗੀਤ) ਅਨੁਸਾਰ ਜਹਾਨ ਵਿੱਚ ਕੀ ਪੱਸਰੀ ਹੋਈ ਹੈ ? **[1]**

II) 'ਦੁਸ਼ਮਣੀ ਦੀ ਦਾਸਤਾਨ' ਕਵਿਤਾ ਦਾ ਕਵੀ ਦੁਸ਼ਮਣੀ ਨੂੰ ਮਿਟਾਉਣ ਲਈ ਕਿਸ ਨੂੰ ਸਮਝਾਉਣਾ ਚਾਹੁੰਦਾ ਹੈ ? **[1]**

III) 'ਜ਼ਾਬਤਿਆਂ ਦੀ ਇਹ ਗੱਲਵੱਕੜੀ (ਗ਼ਜ਼ਲ)' ਦੇ ਕਵੀ ਦਾ ਕਿਹੋ ਜਿਹੀ ਖੁੱਲ੍ਹੀ ਥਾਂ 'ਤੇ ਬੋਲਣ ਨੂੰ ਦਿਲ ਕਰਦਾ ਹੈ ? **[1]**

IV) ਬਾਰੂ ਦਾ ਝਗੜਾ ਕਿਸ ਨਾਲ ਤੇ ਕਿਸ ਕਾਰਨ ਹੁੰਦਾ ਹੈ ? **[1]**

V) ਕੇਲੂ ਕੁੰਢੇ ਲਈ ਕੀ ਲੈ ਕੇ ਆਇਆ ਸੀ ? **[1]**

VI) 'ਸਰਫ਼ਾ ਕਰ ਕੇ ਸੁੱਤੀ, ਆਟਾ ਖਾ ਗਈ ਕੁੱਤੀ' ਅਖਾਣ ਦੀ ਵਰਤੋਂ ਕਦੋਂ ਹੁੰਦੀ ਹੈ ? **[1]**

VII) 'ਖਾਈਏ ਦਾਲ਼, ਜਿਹੜੀ ਨਿਭੇ ਨਾਲ' ਅਖਾਣ ਕਦੋਂ ਵਰਤੀ ਜਾਂਦੀ ਹੈ ? **[1]**

VIII) 'ਕੰਨ 'ਤੇ ਜੂੰ ਨਾ ਸਰਕਣੀ' ਮੁਹਾਵਰੇ ਦੇ ਅਰਥ ਵਾਕ ਬਣਾ ਕੇ ਸਪੱਸ਼ਟ ਕਰੋ। **[1]**

IX) 'ਦਿਨ ਰਾਤ ਇੱਕ ਕਰਨਾ' ਮੁਹਾਵਰੇ ਦੇ ਅਰਥ ਵਾਕ ਬਣਾ ਕੇ ਸਪੱਸ਼ਟ ਕਰੋ। **[1]**

(X – XII) ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹ ਦੀ ਸਹੀ ਵਰਤੋਂ ਕਰੋ :

X) ਬਾਪੂ ਜੀ ਨੇ ਕਿਹਾ ਮੈਂ ਹਮੇਸ਼ਾਂ ਹੱਥੀਂ ਕੰਮ ਕਰਨ ਵਾਲੇ ਕਾਮੇ ਦੀ ਕਦਰ ਕਰਦਾ ਹਾਂ **[1]**

XI) ਸਾਡੀ ਰਹਾਇਸ਼ ਖੇਤ 'ਚ ਹੀ ਹੈ **[1]**

XII) ਜੈਪੁਰ ਅਜਮੇਰ ਜੋਧਪੁਰ ਉਦੈਪੁਰ ਕੋਟਾ ਰਾਜਸਥਾਨ ਦੇ ਪ੍ਰਸਿੱਧ ਨਗਰ ਹਨ **[1]**

## ਖੰਡ - ਅ

**(4 – 8) ਹੇਠ ਲਿਖੇ ਪੈਰ੍ਹੇ ਨੂੰ ਪੜ੍ਹਦੇ ਹੋਏ ਪ੍ਰਸ਼ਨਾਂ ਦੇ ਉੱਤਰ ਲਿਖੋ :** **[5 × 2 = 10]**

ਪੰਜਾਬੀ ਸੱਭਿਆਚਾਰ ਚੇਤਨ ਪੱਧਰ 'ਤੇ ਆਪਣੇ ਵਿੱਚ ਬਹੁਤ ਕੁਝ ਸਮੇਟੀ ਬੈਠਾ ਹੈ। ਪੰਜ ਨਦੀਆਂ ਦਾ ਦੇਸ਼ ਪੰਜਾਬ ਸ਼ੁਰੂ ਤੋਂ ਹੀ ਹਮਲਾਵਰਾਂ ਦਾ ਰਾਹ ਬਣਿਆ ਰਿਹਾ ਹੈ, ਜਿੰਨ੍ਹਾਂ ਨਾਲ ਪੰਜਾਬੀ ਸਦਾ ਜੂਝਦਾ ਰਿਹਾ ਤੇ ਜਿੱਤਾਂ ਹਾਸਲ ਕਰਦਾ ਰਿਹਾ ਹੈ। ਬਹਾਦਰੀ, ਅਣਖ ਤੇ ਆਪਾ ਵਾਰਨ ਦੀ ਸਮਰੱਥਾ ਇਸ ਦੇ ਸੱਭਿਆਚਾਰ ਦਾ ਇੱਕ ਅਟੁੱਟ ਹਿੱਸਾ ਰਿਹਾ ਹੈ। ਪੰਜਾਬੀ ਸੱਭਿਆਚਾਰ 'ਚ ਭਾਈ ਘੱਨ੍ਹਈਆਂ ਦੁਸ਼ਮਣਾਂ ਨੂੰ ਪਾਣੀ ਪਿਆਉਂਦਾ ਹੈ। ਲਾਲਾ ਲਾਜਪਤ ਰਾਏ ਤੇ ਭਗਤ ਸਿੰਘ ਦੇਸ-ਭਗਤੀ ਦਾ ਜਜ਼ਬਾ ਪ੍ਰਗਟਾਉਂਦੇ ਹਨ। ਕਵੀ ਪ੍ਰੋ. ਪੂਰਨ ਸਿੰਘ ਨੂੰ ਰਾਂਝਾ ਤੇ ਹੀਰ ਗੁਰੂ ਦੇ ਸਿੱਖ ਜਾਪਦੇ ਹਨ। ਉਸਨੂੰ ਪੰਜਾਬ ਦੇ ਦਰਿਆ ਜਾਪੁ ਸਾਹਿਬ ਗਾਉਂਦੇ ਪ੍ਰਤੀਤ ਹੁੰਦੇ ਹਨ। ਕਿਸਾਨ ਖੇਤਾਂ ਵਿੱਚ ਅੰਨ ਉਪਜਾਉਂਦਾ ਹੈ ਤੇ ਪੂਰੇ ਭਾਰਤਵਾਸੀਆਂ ਦਾ ਢਿੱਡ ਭਰਦਾ ਹੈ। ਲਗਨ, ਮਿਹਨਤ, ਸੰਕਟ ਵਿੱਚ ਵੀ ਭਰੋਸਾ, ਚੜ੍ਹਦੀ ਕਲਾ, ਸ਼ਾਸਤਰ ਤੇ ਸ਼ਸਤਰ ਪ੍ਰਤਿ ਪ੍ਰਤਿਬੱਧਤਾ, ਕੌਮਾਂਤਰੀ ਪਰਿਪੇਖ ਪ੍ਰਤਿ ਜਾਗਰੂਕਤਾ ਆਦਿ। ਕਈ ਲੋਕ ਪੰਜਾਬੀ ਸੱਭਿਆਚਾਰ ਦੀ ਤਸਵੀਰ ਦਾ ਹਾਲੇ ਧੁੰਦਲਾ ਪੱਖ ਹੀ ਉਸਾਰਦੇ ਹਨ। ਸੋ ਲੋੜ ਹੈ ਇਸ ਨੂੰ ਸਮਝਣ ਦੀ, ਇਸ ਪ੍ਰਤਿ ਚੇਤਨ ਹੋਣ ਦੀ ਤੇ ਇਸ ਨੂੰ ਅਪਣਾਉਣ ਦੀ।

**4.** ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ। **[2]**

**5.** ਪੰਜਾਬੀ ਸੱਭਿਆਚਾਰ ਦਾ ਅਟੁੱਟ ਹਿੱਸਾ ਇਸ ਦੇ ਕਿਹੜੇ-ਕਿਹੜੇ ਗੁਣ ਰਹੇ ਹਨ ? **[2]**

**6.** ਪੈਰ੍ਹੇ ਅਨੁਸਾਰ ਦੇਸ-ਭਗਤੀ ਦਾ ਜਜ਼ਬਾ ਕੌਣ ਪ੍ਰਗਟਾਉਂਦੇ ਹਨ ? **[2]**

**7.** ਪ੍ਰੋ. ਪੂਰਨ ਸਿੰਘ ਨੂੰ ਪੰਜਾਬ ਦੇ ਦਰਿਆ ਕੀ ਗਾਉਂਦੇ ਪ੍ਰਤੀਤ ਹੁੰਦੇ ਹਨ ? **[2]**

**8.** ਔਖੇ ਸ਼ਬਦਾਂ ਦੇ ਅਰਥ ਲਿਖੋ : **[2]**
ਬਹਾਦਰੀ, ਸਮਰੱਥਾ, ਸੰਕਟ, ਸ਼ਸਤਰ।

**(9 – 13) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :** **[5 × 2 = 10]**

**9.** 'ਧਰਤੀ ਦੇ ਬੋਲ' ਕਵਿਤਾ ਦਾ ਕਵੀ ਕਿਸ ਦੇ ਮੱਥੇ ਉੱਤੋਂ ਮੁੜ੍ਹਕਾ ਪੂੰਝਣ ਦੀ ਗੱਲ ਕਰ ਰਿਹਾ ਹੈ ? **[2]**

**10.** ਜੈਮਲ ਸਿਓਂ ਨੂੰ ਮਿਲਣ ਆਈ ਛੋਟੀ ਭੈਣ ਆਪਣੀ ਕਿਹੜੀ ਸਮੱਸਿਆ ਦਾ ਜ਼ਿਕਰ ਕਰਦੀ ਹੈ ? **[2]**

**11.** ਨਾਟਕ ਦੇ ਕੋਈ ਚਾਰ ਤੱਤਾਂ ਦੇ ਨਾਂ ਲਿਖੋ। **[2]**

12. "ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ ।
ਝੂਲਨ ਨੇਜੇ ਬੈਰਕਾਂ ਨੀਸਾਣ ਲਸਣ ਲਸਾਵਲੇ ।
ਢੋਲ ਨਗਾਰੇ ਪਉਣ ਦੇ ਉਂਘਣ ਜਾਣ ਜਟਾਵਲੇ ।
ਦੁਰਗਾ ਦਾਨੋ ਡਹੇ ਰਣ ਨਾਦ ਵੱਜਣ ਖੇਤ ਭੀਹਾਵਲੇ ।
ਉਪਰੋਕਤ ਸਤਰਾਂ ਕਿਹੜੇ ਰਸ ਦੀ ਉਦਾਹਰਨ ਹਨ ?
ਇਸ ਰਸ ਦਾ ਸਥਾਈ ਭਾਵ ਵੀ ਲਿਖੋ । [2]

13. ਮੱਝਾਂ ਖੇਤਾਂ ਵਿੱਚ ਚਰ ਰਹੀਆਂ ਹਨ । ਵਾਕ ਵਿੱਚ ਉਦੇਸ਼ ਅਤੇ ਵਿਧੇਅ ਵੱਖ-ਵੱਖ ਲਿਖੋ । [2]

## ਖੰਡ - ੲ

**(14 – 17) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[4 × 3 = 12]**

14. ਸੋਨੇ ਦੀ ਸਵੇਰ ਜਦੋਂ ਆਊ ਹਾਣੀਆ
ਨੱਚੇਗਾ ਅੰਬਰ ਭੂਮੀ ਗਾਊ ਹਾਣੀਆ
ਮਿਹਨਤਾਂ ਦਾ ਮੁੱਲ ਆਪ ਪਾਉਣਾ ਲੋਕਾਂ ਨੇ
ਧਰਤੀ 'ਤੇ ਸੁਰਗ ਬਣਾਉਣਾ ਲੋਕਾਂ ਨੇ
ਇੱਕੋ ਜਿੰਨੀ ਖ਼ੁਸ਼ੀ ਸਾਰਿਆਂ ਦੇ ਜੀਣ ਨੂੰ
ਬਚੇਗਾ ਨਾ ਲੋਟੂ ਕੋਈ ਲਹੂ ਪੀਣ ਨੂੰ
ਸੂਹਾ ਝੰਡਾ ਉੱਚਾ ਲਹਿਰਾਊ ਹਾਣੀਆ ।

I) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ । [1]

II) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ । [1]

III) ਔਖੇ ਸ਼ਬਦਾਂ ਦੇ ਅਰਥ ਲਿਖੋ । [1]
ਅੰਬਰ, ਸੁਰਗ, ਲੋਟੂ, ਸੂਹਾ

**ਜਾਂ**

ਭੁੱਖ ਹੀ ਲੜਦੀ ਹੈ
ਸਰਹੱਦਾਂ ਦੇ ਉੱਤੇ ਭੁੱਖ ਨਾਲ
ਸਾਡੇ ਅਸਟੋਰਾਂ ਦੇ ਵਿੱਚ
ਬਾਰੂਦ ਦੇ ਹੀ ਨਾਲ ਨਾਲ ਭਰ ਰਹੇ
ਚਾਲਾਕ ਸੌਦਾਗਰ ਬਦੇਸ਼ੀ
ਆਪਣੀ ਮੰਡੀ ਦਾ ਮਾਲ

I) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ। [1]

II) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ। [1]

III) ਔਖੇ ਸ਼ਬਦਾਂ ਦੇ ਅਰਥ ਲਿਖੋ। [1]
ਅਸਟੋਰਾਂ, ਸੌਦਾਗਰ, ਚਾਲਾਕ, ਬਦੇਸ਼ੀ

**15.** 'ਖੜ੍ਹਾ ਸਾਈਕਲ' ਕਵਿਤਾ ਦਾ ਸਾਰ ਲਿਖੋ। [3]

**ਜਾਂ**

'ਗਰੀਬ ਕਿਰਸਾਣ' ਕਵਿਤਾ ਵਿੱਚ ਕਵੀ ਕਿਹੜੀਆਂ ਪੰਜ ਭੈੜੀਆਂ ਆਦਤਾਂ ਛੱਡਣ ਬਾਰੇ ਕਹਿੰਦਾ ਹੈ ਤੇ ਕਿਉਂ ?

**16.** 'ਮੈਨੂੰ ਜਾਣਨੈ ?' ਕਹਾਣੀ ਦਾ ਸੰਖੇਪ ਸਾਰ ਲਿਖੋ। [3]

**ਜਾਂ**

'ਬਾਰੂ' ਜਾਂ 'ਆਤੂ ਖੋਜੀ' ਦੀ ਪਾਤਰ ਉਸਾਰੀ ਕਰੋ।

**17.** ਪੰਜਾਬੀ ਨਿੱਕੀ ਕਹਾਣੀ ਦੇ ਮੁੱਢਲੇ ਸਰੂਪ ਨਾਲ ਜਾਣ-ਪਛਾਣ ਕਰਾਓ। [3]

**ਜਾਂ**

ਪੰਜਾਬੀ ਜੀਵਨੀ ਦੇ ਇਤਿਹਾਸ ਉੱਪਰ ਸੰਖੇਪ ਨੋਟ ਲਿਖੋ।

## ਖੰਡ - ਸ

**(18 – 20) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** [3×4=12]

**18.** ਕਿਸੇ ਇੱਕ ਸਿਰਲੇਖ ਅਨੁਸਾਰ ਕਹਾਣੀ ਰਚਨਾ ਕਰੋ : [4]

I) ਹੰਕਾਰਿਆ ਸੋ ਮਾਰਿਆ

II) ਕਰਨੀ ਦਾ ਫਲ਼

III) ਈਮਾਨਦਾਰ ਲੱਕੜਹਾਰਾ

**19.** ਕਿਸੇ ਇੱਕ ਵਿਸ਼ੇ 'ਤੇ ਲੇਖ ਰਚਨਾ ਕਰੋ : [4]

I) ਵਿਦਿਆਰਥੀ ਅਤੇ ਅਨੁਸ਼ਾਸਨ

II) ਸ੍ਰੀ ਗੁਰੂ ਨਾਨਕ ਦੇਵ ਜੀ

III) ਸਾਡੇ ਤਿਉਹਾਰ

IV) ਲੋਕ ਖੇਡਾਂ

**20.** ਕਿਸੇ ਇੱਕ ਸਾਹਿਤ ਰੂਪ ਦੇ ਅਰਥ, ਪਰਿਭਾਸ਼ਾ ਅਤੇ ਤੱਤਾਂ ਦਾ ਵਰਣਨ ਕਰੋ। [4]
ਕਵਿਤਾ ਜਾਂ ਇਕਾਂਗੀ

---

DO NOT WRITE ANYTHING HERE